'ਅਜੀਤ' 'ਚ
ਈਅਰ ਪੈਨਲ*
*ਥੋੜ੍ਹੇ ਪੈਸੇ
ਜ਼ਿਆਦਾ ਪ੍ਰਚਾਰ
ਬੁਕਿੰਗ ਲਈ ਸੰਪਰਕ ਕਰੋ:
ਮੈਨੇਜਰ ਇਸ਼ਤਿਹਾਰ
ਅਜੀਤ ਪ੍ਰਕਾਸ਼ਨ ਸਮੂਹ
ਨਹਿਰੂ ਗਾਰਡਨ ਰੋਡ, ਜਲੰਧਰ
ਫ਼ੋਨ : 0181-2455961-62-63,
ਫੈਕਸ : 2455960

ਪੰਜਾਬ ਦੀ ਆਵਾਜ਼

# ਅਜੀਤ ®©

ਬਾਨੀ ਸੰਪਾਦਕ (ਸਵ:) ਡਾ. ਸਾਧੂ ਸਿੰਘ ਹਮਦਰਦ, ਸੋਮਵਾਰ, 9 ਦਸੰਬਰ, 2024 (Monday, 9 December, 2024) 24 ਮੱਘਰ ਨਾਨਕਸ਼ਾਹੀ ਸੰਮਤ 556 ਮੁੱਲ : 5.00 ਰੁਪਏ (Price ₹. 5.00)
AJIT (DAILY), CHANDIGARH, TRADEMARK AND COPYRIGHT SADHU SINGH HAMDARD TRUST, 2024. ALL RIGHTS RESERVED.
ਜਲੰਧਰ, ਚੰਡੀਗੜ੍ਹ ਅਤੇ ਬਠਿੰਡਾ ਤੋਂ ਪ੍ਰਕਾਸ਼ਿਤ

ਪੰਜਾਬੀਆਂ ਦੀ ਧੜਕਣ
ਪੰਜਾਬ ਦੀ ਆਵਾਜ਼
ਰੋਜ਼ਾਨਾ ਪੜ੍ਹੋ:
ਅਜੀਤ
ਵਧੇਰੇ ਜਾਣਕਾਰੀ ਅਤੇ ਘਰ ਅਖ਼ਬਾਰ ਲਗਵਾਉਣ ਲਈ ਸੰਪਰਕ ਕਰੋ:
ਏਜੰਸੀ ਮੈਨੇਜਰ
ਅਜੀਤ ਭਵਨ, ਨਹਿਰੂ ਗਾਰਡਨ ਰੋਡ, ਜਲੰਧਰ।
ਫੋਨ: 0181-2455961-63 ਫੈਕਸ: 2455960

ਪੋਸਟਲ ਰਜਿ: ਨੰ: PB/JL-138/2024-26 | ਜਿਲਦ 10, ਅੰਕ 340 Vol. 10, No. 340 | www.ajitjalandhar.com | www.ajittv.com | Facebook.com/dailyajit | Twitter.com/dailyajitnews | news@ajitpublications.com | ਫ਼ੋਨ : 0181-2455961-62-63, 5032400, ਫੈਕਸ : 2455960

# ਨਿਗਮ, ਕੌਂਸਲ ਤੇ ਨਗਰ ਪੰਚਾਇਤ ਚੋਣਾਂ 21 ਨੂੰ

## • ਉਸੇ ਦਿਨ ਨਤੀਜੇ • ਨਾਮਜ਼ਦਗੀਆਂ ਅੱਜ ਤੋਂ • ਜ਼ਾਬਤਾ ਲਾਗੂ

ਚੰਡੀਗੜ੍ਹ, 8 ਦਸੰਬਰ (ਅਜਾਇਬ ਸਿੰਘ ਔਜਲਾ)-ਅੱਜ ਪੰਜਾਬ ਰਾਜ ਚੋਣ ਕਮਿਸ਼ਨਰ ਰਾਜ ਕਮਲ ਚੌਧਰੀ ਵਲੋਂ ਪੰਜਾਬ 'ਚ ਨਗਰ ਨਿਗਮਾਂ, ਕੌਂਸਲਾਂ ਅਤੇ ਨਗਰ ਪੰਚਾਇਤਾਂ ਦੀਆਂ ਚੋਣਾਂ 21 ਦਸੰਬਰ ਨੂੰ ਕਰਵਾਏ ਜਾਣ ਦਾ ਐਲਾਨ ਕੀਤਾ ਗਿਆ। ਚੰਡੀਗੜ੍ਹ ਦੇ ਪੰਜਾਬ ਭਵਨ 'ਚ ਪੱਤਰਕਾਰ ਸੰਮੇਲਨ ਦੌਰਾਨ ਰਾਜ ਕਮਲ ਚੌਧਰੀ ਨੇ ਐਲਾਨ ਕੀਤਾ ਕਿ ਇਨ੍ਹਾਂ ਚੋਣਾਂ ਦੇ ਮੱਦੇਨਜ਼ਰ ਅੱਜ ਤੋਂ ਹੀ ਤੁਰੰਤ ਪ੍ਰਭਾਵ ਨਾਲ ਆਦਰਸ਼ ਚੋਣ ਜ਼ਾਬਤਾ ਵੀ ਲਾਗੂ ਹੋ ਗਿਆ ਹੈ, ਜੋ ਚੋਣ ਪ੍ਰਕਿਰਿਆ ਦੇ ਮੁਕੰਮਲ ਹੋਣ ਤੱਕ ਲਾਗੂ ਰਹੇਗਾ। ਚੋਣਾਂ ਦੀਆਂ ਤਰੀਕਾਂ ਦਾ ਐਲਾਨ ਕਰਦਿਆਂ ਆਰ.ਕੇ. ਚੌਧਰੀ ਨੇ ਦੱਸਿਆ ਕਿ ਉਮੀਦਵਾਰ ਆਪਣੀਆਂ ਨਾਮਜ਼ਦਗੀਆਂ 9 ਦਸੰਬਰ 2024 ਸਵੇਰੇ 11 ਵਜੇ ਤੋਂ ਲੈ ਕੇ ਦੁਪਹਿਰ 3 ਵਜੇ ਤੱਕ ਸਬੰਧਤ ਰਿਟਰਨਿੰਗ ਦਫ਼ਤਰ ਵਿਚ ਦੇ ਸਕਦੇ ਹਨ। ਉਨ੍ਹਾਂ ਦੱਸਿਆ ਕਿ ਨਾਮਜ਼ਦਗੀਆਂ ਭਰਨ ਦੀ ਆਖ਼ਰੀ ਮਿਤੀ 12 ਦਸੰਬਰ 2024 ਬਾਅਦ ਦੁਪਹਿਰ 3 ਵਜੇ ਤੱਕ ਹੋਵੇਗੀ। ਉਨ੍ਹਾਂ ਕਿਹਾ ਕਿ 13 ਦਸੰਬਰ 2024 ਤੱਕ ਨਾਮਜ਼ਦਗੀਆਂ ਦੀ ਪੜਤਾਲ ਕੀਤੀ ਜਾਵੇਗੀ ਅਤੇ 14 ਦਸੰਬਰ ਦੁਪਹਿਰ 3 ਵਜੇ ਤੱਕ ਉਮੀਦਵਾਰ ਆਪਣੀਆਂ ਨਾਮਜ਼ਦਗੀਆਂ ਵਾਪਸ ਲੈ ਸਕਦੇ ਹਨ। ਇਨ੍ਹਾਂ ਚੋਣਾਂ ਦੌਰਾਨ ਵੋਟਿੰਗ ਲਈ ਈ.ਵੀ.ਐਮਜ਼ ਦੀ ਵਰਤੋਂ ਕੀਤੀ ਜਾਵੇਗੀ, ਜਿਸ ਲਈ ਲੋੜੀਂਦੇ ਪ੍ਰਬੰਧ ਮੁਕੰਮਲ ਕੀਤੇ ਗਏ ਹਨ। ਵੋਟਾਂ 21 ਦਸੰਬਰ 2024 ਨੂੰ ਸਵੇਰੇ 7 ਵਜੇ ਤੋਂ ਸ਼ਾਮ 4 ਵਜੇ ਤੱਕ ਪੈਣਗੀਆਂ। ਵੋਟਿੰਗ ਪ੍ਰਕਿਰਿਆ ਪੂਰੀ ਹੋਣ ਤੋਂ ਬਾਅਦ ਉਸੇ ਦਿਨ ਪੋਲਿੰਗ ਸਟੇਸ਼ਨ 'ਤੇ ਹੀ ਵੋਟਾਂ ਦੀ ਗਿਣਤੀ ਕੀਤੀ ਜਾਵੇਗੀ। ਨਿਗਮਾਂ, ਕੌਂਸਲਾਂ ਅਤੇ ਨਗਰ ਪੰਚਾਇਤਾਂ ਦੀਆਂ ਚੋਣਾਂ ਦੇ ਸੰਬੰਧ 'ਚ ਕਮਿਸ਼ਨਰ ਵਲੋਂ ਇਹ ਵੀ ਦੱਸਿਆ ਗਿਆ ਕਿ ਇਨ੍ਹਾਂ ਵਿਚ ਕੁੱਲ ਵੋਟਰ 37,32,636 ਰਜਿਸਟਰਡ ਵੋਟਰ ਹਨ, ਜਿਨ੍ਹਾਂ 'ਚ 19,55,888 ਪੁਰਸ਼, 17,76,544 ਔਰਤਾਂ ਅਤੇ 204 ਹੋਰ ਸ਼ਾਮਿਲ ਹਨ, ਜੋ 7 ਦਸੰਬਰ 2024 ਤੱਕ ਕੀਤੀ ਗਈ ਵਿਸ਼ੇਸ਼ ਸੋਧ ਦੇ ਆਧਾਰ 'ਤੇ ਹਨ। ਉਨ੍ਹਾਂ ਇਹ ਵੀ ਦੱਸਿਆ ਕਿ ਪੰਜਾਬ ਰਾਜ ਚੋਣ ਕਮਿਸ਼ਨ ਨੇ ਸਥਾਨਕ ਸਰਕਾਰਾਂ ਵਿਭਾਗ ਦੇ 22 ਨਵੰਬਰ 2024 ਦੇ ਨੋਟੀਫ਼ਿਕੇਸ਼ਨ ਅਨੁਸਾਰ ਇਹ ਚੋਣਾਂ ਕਰਵਾਈਆਂ ਜਾ ਰਹੀਆਂ ਹਨ। ਇਸੇ ਦੌਰਾਨ ਕਮਿਸ਼ਨਰ ਨੇ ਹਥਿਆਰ ਅਤੇ ਗੋਲਾ ਬਾਰੂਦ ਲੈ ਕੇ ਜਾਣ ਦੀ ਮਨਾਹੀ ਸੰਬੰਧੀ ਵੀ ਜਾਣਕਾਰੀ ਸਾਂਝੀ ਕੀਤੀ। ਉਨ੍ਹਾਂ ਉਮੀਦਵਾਰਾਂ


ਪੰਜਾਬ ਦੇ ਚੋਣ ਕਮਿਸ਼ਨਰ ਰਾਜ ਕਮਲ ਚੌਧਰੀ ਪੱਤਰਕਾਰਾਂ ਨੂੰ ਜਾਣਕਾਰੀ ਦਿੰਦੇ ਹੋਏ। ਤਸਵੀਰ : ਗੁਰਿੰਦਰ ਸਿੰਘ

(ਬਾਕੀ ਸਫ਼ਾ 2 ਕਾਲਮ 1)


ਸੀਰੀਆ 'ਚ ਅਸਦ ਸਰਕਾਰ ਦੇ ਤਖ਼ਤਾ ਪਲਟ ਦਾ ਜਸ਼ਨ ਮਨਾਉਂਦੇ ਹੋਏ ਲੋਕ।

# ਸੀਰੀਆ 'ਚ ਤਖ਼ਤਾ ਪਲਟ ਅਸਦ ਪਰਿਵਾਰ ਦੇ ਸ਼ਾਸਨ ਦਾ ਅੰਤ

## ਬਾਗੀ ਸਮੂਹਾਂ ਵਲੋਂ ਦਮਿਸ਼ਕ 'ਤੇ ਕਬਜ਼ਾ

ਦਮਿਸ਼ਕ, 8 ਦਸੰਬਰ (ਏਜੰਸੀ)-ਸੀਰੀਆ 'ਚ ਬਾਗੀ ਸਮੂਹਾਂ ਦੇ ਗੱਠਜੋੜ ਨੇ ਸੀਰੀਆ ਦੀ ਰਾਜਧਾਨੀ ਦਮਿਸ਼ਕ 'ਤੇ ਕਬਜ਼ਾ ਕਰ ਲਿਆ ਹੈ, ਜਿਸ ਨਾਲ ਪੱਛਮੀ ਏਸ਼ੀਆ ਦੇ ਇਸ ਦੇਸ਼ 'ਚ ਬਸ਼ਰ ਅਲ-ਅਸਦ ਦੇ 24 ਸਾਲ ਅਤੇ ਅਸਦ ਪਰਿਵਾਰ ਦੇ 50 ਸਾਲਾਂ ਦੇ ਸ਼ਾਸਨ ਦਾ ਅੰਤ ਹੋ ਗਿਆ ਹੈ। ਜਾਣਕਾਰੀ ਅਨੁਸਾਰ ਰਾਸ਼ਟਰਪਤੀ ਅਸਦ ਦੇਸ਼ ਛੱਡ ਚੁੱਕੇ ਹਨ। ਸੀਰੀਆ ਦੇ ਸਰਕਾਰੀ ਟੈਲੀਵਿਜ਼ਨ 'ਤੇ ਪ੍ਰਸਾਰਿਤ ਕੀਤੇ ਗਏ ਇਕ ਬਿਆਨ 'ਚ ਕਿਹਾ ਗਿਆ ਹੈ ਕਿ ਰਾਸ਼ਟਰਪਤੀ ਬਸ਼ਰ ਅਸਦ ਦਾ ਤਖਤਾ ਪਲਟ ਦਿੱਤਾ ਗਿਆ ਹੈ ਅਤੇ ਜੇਲ੍ਹਾਂ 'ਚ ਬੰਦ ਸਾਰੇ ਨਜ਼ਰਬੰਦਾਂ ਨੂੰ ਰਿਹਾਅ ਕਰ ਦਿੱਤਾ ਗਿਆ ਹੈ। ਬਿਆਨ 'ਚ ਕਿਹਾ ਗਿਆ ਕਿ ਅਸਦ ਕਿਸੇ ਅਗਿਆਤ ਜਗ੍ਹਾ 'ਤੇ ਚਲੇ ਗਏ ਹਨ। ਬਾਗੀ ਧੜੇ ਨੇ ਕਿਹਾ ਕਿ ਪ੍ਰਧਾਨ ਮੰਤਰੀ ਗਾਜ਼ੀ ਅਲ-ਜਲਾਲੀ ਸੱਤਾ ਦੇ ਤਬਾਦਲੇ ਤੱਕ ਕੰਮ ਦੇਖਣਗੇ। ਇਸ ਦੌਰਾਨ ਪ੍ਰਧਾਨ ਮੰਤਰੀ ਨੇ ਸੀਰੀਆ ਦੇ ਲੋਕਾਂ ਨੂੰ ਜਨਤਕ

**ਸਿਪਾਹੀ ਅਤੇ ਪੁਲਿਸ ਅਧਿਕਾਰੀ ਪੋਸਟਾਂ ਛੱਡ ਭੱਜੇ**

(ਬਾਕੀ ਸਫ਼ਾ 2 ਕਾਲਮ 5)


ਸ਼ੰਭੂ ਸਰਹੱਦ 'ਤੇ ਕਿਸਾਨਾਂ 'ਤੇ ਅੱਥਰੂ ਗੈਸ ਦੇ ਗੋਲੇ ਦਾਗਦੀ ਹੋਈ ਹਰਿਆਣਾ ਪੁਲਿਸ। ਤਸਵੀਰ : ਗੁਰਵਿੰਦਰ ਪਾਲ ਸਿੰਘ

# ਦਿੱਲੀ ਜਾ ਰਹੇ ਕਿਸਾਨਾਂ 'ਤੇ ਹਰਿਆਣਾ ਪੁਲਿਸ ਨੇ ਦਾਗੇ ਅੱਥਰੂ ਗੈਸ ਦੇ ਗੋਲੇ

## 6 ਕਿਸਾਨ ਹੋਏ ਜ਼ਖ਼ਮੀ, ਇਕ ਨੂੰ ਭੇਜਿਆ ਪੀ.ਜੀ.ਆਈ.

**ਜੀ.ਪੀ. ਸਿੰਘ, ਰਣਜੀਤ ਸਿੰਘ**

ਰਾਜਪੁਰਾ, 8 ਦਸੰਬਰ-ਸ਼ੰਭੂ ਸਰਹੱਦ ਤੋਂ 101 ਕਿਸਾਨਾਂ ਦਾ ਜਥਾ ਅੱਜ ਮੁੜ ਦਿੱਲੀ ਲਈ ਕੂਚ ਕੀਤਾ, ਜਿਸ ਨੂੰ ਹਰਿਆਣਾ ਸਰਹੱਦ 'ਤੇ ਪਹਿਲਾਂ ਤੋਂ ਲੱਗੀਆਂ ਰੋਕਾਂ 'ਤੇ ਰੋਕ ਲਿਆ ਗਿਆ। ਇਸ ਦੌਰਾਨ ਸਰਹੱਦ 'ਤੇ ਸਥਿਤੀ ਹੋਰ ਵੀ ਤਣਾਅਪੂਰਨ ਹੋ ਗਈ। ਜਾਣਕਾਰੀ ਅਨੁਸਾਰ ਸ਼ਾਂਤਮਈ ਢੰਗ ਨਾਲ ਨਿਹੱਥੇ ਕਿਸਾਨਾਂ 'ਤੇ ਹਰਿਆਣਾ ਪੁਲਿਸ ਵਲੋਂ ਅੱਥਰੂ ਗੈਸ ਦੇ ਗੋਲੇ ਦਾਗੇ ਗਏ, ਰਬੜ ਦੀਆਂ ਗੋਲੀਆਂ ਵਰ੍ਹਾਈਆਂ ਗਈਆਂ, ਪਾਣੀ ਦੀਆਂ ਬੁਛਾੜਾਂ ਕੀਤੀਆਂ ਗਈਆਂ, ਜਿਸ ਨਾਲ 6 ਕਿਸਾਨ ਰੇਸ਼ਮ ਸਿੰਘ ਪਿੰਡ ਭਗਤਾ ਭਾਈ, ਦਿਲਬਾਗ ਸਿੰਘ ਗਿੱਲ, ਮੇਜਰ ਸਿੰਘ ਢੱਲ ਕਸੇਲ, ਕਰਨੈਲ ਸਿੰਘ ਲੰਗ, ਹਰਭਜਨ ਸਿੰਘ ਵੈਰੋਨੰਗਲ, ਕੁਲਵਿੰਦਰ ਸਿੰਘ ਅਟਵਾਲ ਜ਼ਖ਼ਮੀ ਹੋ ਗਏ, ਜਿਸ 'ਚੋਂ ਰੇਸ਼ਮ ਸਿੰਘ ਨੂੰ ਜ਼ਿਆਦਾ


ਅੱਥਰੂ ਗੈਸ ਨਾਲ ਜ਼ਖ਼ਮੀ ਹੋਏ ਇਕ ਕਿਸਾਨ ਨੂੰ ਐਂਬੂਲੈਂਸ ਤੱਕ ਲਿਜਾਂਦੇ ਹੋਏ ਸਾਥੀ। ਤਸਵੀਰ : ਗੁਰਵਿੰਦਰ ਪਾਲ ਸਿੰਘ

(ਬਾਕੀ ਸਫ਼ਾ 2 ਕਾਲਮ 5)

## ਪੰਜਾਬ 'ਚ ਹਾਈਵੇਅ ਜਾਮ ਹਟਾਉਣ ਦੀ ਮੰਗ 'ਤੇ ਸੁਪਰੀਮ ਕੋਰਟ 'ਚ ਸੁਣਵਾਈ ਅੱਜ


ਨਵੀਂ ਦਿੱਲੀ, 8 ਦਸੰਬਰ (ਪੀ. ਟੀ. ਆਈ.)-ਸੁਪਰੀਮ ਕੋਰਟ 'ਚ ਇਕ ਪਟੀਸ਼ਨ ਦਾਇਰ ਕਰਕੇ ਕੇਂਦਰ ਅਤੇ ਹੋਰਨਾਂ ਨੂੰ ਪੰਜਾਬ 'ਚ ਕੌਮੀ ਅਤੇ ਰਾਜ ਮਾਰਗਾਂ ਦੇ ਜਾਮ ਨੂੰ ਤੁਰੰਤ ਦੂਰ ਕਰਨ ਲਈ ਨਿਰਦੇਸ਼ ਦੇਣ ਦੀ ਮੰਗ ਕੀਤੀ ਗਈ ਹੈ, ਜਿਥੇ ਪੰਜਾਬ ਅਤੇ ਹਰਿਆਣਾ ਦੇ ਵਿਚਕਾਰ ਸ਼ੰਭੂ ਅਤੇ ਖਨੌਰੀ ਸਰਹੱਦੀ ਪੁਆਇੰਟਾਂ 'ਤੇ ਕਿਸਾਨਾਂ ਨੇ ਦਿੱਲੀ ਜਾਣ ਦੀ ਮੰਗ ਕਰਦਿਆਂ ਡੇਰੇ ਲਾਏ ਹੋਏ ਹਨ। ਪੰਜਾਬ ਦੇ ਇਕ ਸਮਾਜਿਕ ਕਾਰਕੁਨ ਵਲੋਂ ਸੁਪਰੀਮ ਕੋਰਟ 'ਚ ਦਾਇਰ ਪਟੀਸ਼ਨ 'ਚ ਕਿਸਾਨਾਂ ਦੇ ਪ੍ਰਦਰਸ਼ਨਾਂ 'ਤੇ ਪਾਬੰਦੀਆਂ ਹਟਾਉਣ ਅਤੇ ਅੰਦੋਲਨਕਾਰੀ ਕਿਸਾਨਾਂ

(ਬਾਕੀ ਸਫ਼ਾ 2 ਕਾਲਮ 4)

# ਜੈਸ਼ੰਕਰ ਵਲੋਂ ਬਹਿਰੀਨ ਦੇ ਹਮਰੁਤਬਾ ਤੇ ਹੋਰ ਦੇਸ਼ਾਂ ਦੇ ਨੇਤਾਵਾਂ ਨਾਲ ਮੁਲਾਕਾਤ

## ਖੇਤਰੀ ਤੇ ਕੌਮਾਂਤਰੀ ਮਾਮਲਿਆਂ 'ਤੇ ਕੀਤੀ ਚਰਚਾ

ਮਨਾਮਾ, 8 ਦਸੰਬਰ (ਪੀ.ਟੀ.ਆਈ.)-ਵਿਦੇਸ਼ ਮੰਤਰੀ ਐਸ. ਜੈਸ਼ੰਕਰ ਵਲੋਂ ਬਹਿਰੀਨ ਦੇ ਆਪਣੇ ਹਮਰੁਤਬਾ ਅਬਦੁੱਲਤੀਫ ਬਿਨ ਰਾਸ਼ਿਦ ਅਲ ਜ਼ਯਾਨੀ ਨਾਲ ਮੁਲਾਕਾਤ ਕੀਤੀ ਅਤੇ ਕਿਹਾ ਕਿ ਉਹ ਸੋਮਵਾਰ ਨੂੰ ਉੱਚ ਸੰਯੁਕਤ ਕਮਿਸ਼ਨ ਦੀ ਲਾਭਕਾਰੀ ਮੀਟਿੰਗ ਦੀ ਉਡੀਕ ਕਰ ਰਹੇ ਹਨ। ਜੈਸ਼ੰਕਰ ਆਪਣੇ ਬਹਿਰੀਨ ਹਮਰੁਤਬਾ ਨਾਲ ਚੌਥੇ ਭਾਰਤ-ਬਹਿਰੀਨ ਉੱਚ ਸੰਯੁਕਤ ਕਮਿਸ਼ਨ (ਐਚ.ਜੇ.ਸੀ.) ਦੀ ਸਹਿ-ਪ੍ਰਧਾਨਗੀ ਕਰਨਗੇ। ਉਨ੍ਹਾਂ ਇਸ ਸੰਬੰਧੀ ਐਕਸ 'ਤੇ ਪਾਈ ਪੋਸਟ 'ਚ ਕਿਹਾ ਕਿ ਅੱਜ ਵਿਦੇਸ਼ ਮੰਤਰੀ ਡਾਕਟਰ ਅਬਦੁੱਲਤੀਫ ਬਿਨ ਰਾਸ਼ਿਦ ਅਲ ਜ਼ਯਾਨੀ ਨੂੰ ਮਿਲ ਕੇ ਖ਼ੁਸ਼ੀ ਹੋਈ। ਕੱਲ੍ਹ ਭਾਰਤ-ਬਹਿਰੀਨ ਉੱਚ ਸੰਯੁਕਤ ਕਮਿਸ਼ਨ ਦੀ ਲਾਭਕਾਰੀ ਮੀਟਿੰਗ ਦੀ ਉਡੀਕ ਕਰੋ। ਉਨ੍ਹਾਂ ਦੇ ਦੌਰੇ ਤੋਂ ਪਹਿਲਾਂ ਵਿਦੇਸ਼ ਮੰਤਰਾਲੇ ਵਲੋਂ ਜਾਰੀ ਬਿਆਨ ਅਨੁਸਾਰ ਮੀਟਿੰਗ 'ਚ ਦੁਵੱਲੇ ਸੰਬੰਧਾਂ ਦੇ ਸਮੁੱਚੇ ਰੂਪ ਦੀ ਸਮੀਖਿਆ ਕੀਤੀ ਜਾਵੇਗੀ ਤੇ ਭਾਰਤ ਤੇ ਬਹਿਰੀਨ ਦਰਮਿਆਨ ਬਹੁਪੱਖੀ ਸੰਬੰਧਾਂ ਨੂੰ ਹੋਰ ਮਜ਼ਬੂਤ ਕਰਨ ਦੇ ਤਰੀਕਿਆਂ ਬਾਰੇ ਚਰਚਾ ਕੀਤੀ ਜਾਵੇਗੀ। ਆਪਣੀ ਦੋ ਦੇਸ਼ਾਂ ਦੀ ਯਾਤਰਾ ਦੇ ਆਖਰੀ ਪੜਾਅ 'ਤੇ ਸਨਿਚਰਵਾਰ ਨੂੰ ਮਨਾਮਾ ਪਹੁੰਚੇ ਜੈਸ਼ੰਕਰ ਨੇ ਐਤਵਾਰ ਨੂੰ ਮਨਾਮਾ ਦੇ 200 ਸਾਲ ਪੁਰਾਣੇ ਸ੍ਰੀਨਾਥਜੀ ਮੰਦਰ ਦੇ ਦਰਸ਼ਨ ਕਰਕੇ ਦਿਨ ਦੀ ਸ਼ੁਰੂਆਤ ਕੀਤੀ। ਮੰਦਿਰ ਦਾ ਦੌਰਾ ਕਰਨ ਤੋਂ ਬਾਅਦ ਐਕਸ 'ਤੇ ਲਿਖਿਆ ਕਿ ਭਾਰਤ-ਬਹਿਰੀਨ ਦੀ ਲੰਬੇ ਸਮੇਂ ਤੋਂ ਚੱਲੀ ਆ ਰਹੀ ਦੋਸਤੀ ਦਾ ਸੱਚਾ ਪ੍ਰਤੀਕ। ਬਾਅਦ 'ਚ ਉਨ੍ਹਾਂ 20ਵੇਂ ਆਈ.ਐਸ.ਐਸ.ਐਸ.



ਵਿਦੇਸ਼ ਮੰਤਰੀ ਐਸ. ਜੈਸ਼ੰਕਰ ਬਹਿਰੀਨ 'ਚ 20ਵੇਂ 'ਮਨਾਮਾ ਡਾਇਲਾਗ' ਨੂੰ ਸੰਬੋਧਨ ਕਰਦੇ ਹੋਏ।

(ਬਾਕੀ ਸਫ਼ਾ 2 ਕਾਲਮ 3)

# ਕੈਨੇਡਾ 'ਚ ਪੰਜਾਬੀ ਵਿਦਿਆਰਥੀ ਦੀ ਗੋਲੀ ਮਾਰ ਕੇ ਹੱਤਿਆ

ਐਡਮਿੰਟਨ, 8 ਦਸੰਬਰ (ਇੰਟ:)-ਕੈਨੇਡਾ ਦੇ ਐਡਮਿੰਟਨ ਸ਼ਹਿਰ ਦੇ ਇਕ ਅਪਾਰਟਮੈਂਟ 'ਚ ਪੰਜਾਬ ਦੇ ਇਕ 20 ਸਾਲਾ ਵਿਦਿਆਰਥੀ, ਜਿਸ ਦੀ ਪਛਾਣ ਹਰਸ਼ਨਦੀਪ ਸਿੰਘ ਵਜੋਂ ਹੋਈ, ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ। ਐਡਮਿੰਟਨ ਪੁਲਿਸ ਸਰਵਿਸ (ਈ.ਪੀ.ਐਸ.) ਦੇ ਅਧਿਕਾਰੀਆਂ ਨੇ ਰਾਤ 12:30 ਵਜੇ ਦੇ ਕਰੀਬ 107 ਐਵੇਨਿਊ 'ਤੇ ਇਕ ਅਪਾਰਟਮੈਂਟ ਕੰਪਲੈਕਸ 'ਚ ਗੋਲੀਬਾਰੀ ਦੀਆਂ ਰਿਪੋਰਟਾਂ 'ਤੇ ਕਾਰਵਾਈ ਕੀਤੀ। ਉਨ੍ਹਾਂ ਨੂੰ ਹਰਸ਼ਨਦੀਪ ਪੌੜੀਆਂ 'ਚ ਡਿੱਗਿਆ ਹੋਇਆ ਮਿਲਿਆ, ਜਿਸ ਨੂੰ ਮੌਕੇ 'ਤੇ ਮੁੱਢਲੀ ਸਹਾਇਤਾ ਦਿੱਤੀ ਗਈ ਪਰ ਬਾਅਦ 'ਚ ਉਸ ਨੇ ਹਸਪਤਾਲ 'ਚ ਦਮ ਤੋੜ ਦਿੱਤਾ। ਜਾਣਕਾਰੀ ਅਨੁਸਾਰ ਹਰਸ਼ਨਦੀਪ ਉਥੇ ਸੁਰੱਖਿਆ ਗਾਰਡ ਵਜੋਂ ਵੀ ਕੰਮ ਕਰਦਾ ਸੀ।



(ਬਾਕੀ ਸਫ਼ਾ 2 ਕਾਲਮ 1)

# ਸਰਹੱਦਾਂ 'ਤੇ ਡਰੋਨ ਵਿਰੋਧੀ ਯੂਨਿਟ ਜਲਦ ਸਥਾਪਿਤ ਕੀਤੇ ਜਾਣਗੇ-ਅਮਿਤ ਸ਼ਾਹ

ਜੋਧਪੁਰ, 8 ਦਸੰਬਰ (ਪੀ. ਟੀ. ਆਈ.)-ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਕਿਹਾ ਕਿ ਭਾਰਤ ਆਪਣੀਆਂ ਸਰਹੱਦਾਂ ਨੂੰ ਸੁਰੱਖਿਅਤ ਕਰਨ ਲਈ ਜਲਦੀ ਹੀ ਇਕ ਵਿਆਪਕ ਐਂਟੀ ਡਰੋਨ ਯੂਨਿਟ ਬਣਾਏਗਾ, ਕਿਉਂਕਿ ਆਉਣ ਵਾਲੇ ਦਿਨਾਂ 'ਚ ਮਾਨਵ ਰਹਿਤ ਹਵਾਈ ਵਾਹਨਾਂ (ਡਰੋਨਾਂ) ਦਾ ਖ਼ਤਰਾ ਗੰਭੀਰ ਰੂਪ ਧਾਰਨ ਕਰਨ ਜਾ ਰਿਹਾ ਹੈ। ਬੀ.ਐਸ.ਐਫ. ਦੇ 60ਵੇਂ ਸਥਾਪਨਾ ਦਿਵਸ ਸਮਾਗਮ 'ਚ ਜਵਾਨਾਂ ਨੂੰ ਸੰਬੋਧਨ ਕਰਦੇ ਹੋਏ ਸ਼ਾਹ ਨੇ ਕਿਹਾ ਕਿ 'ਲੇਜ਼ਰ ਨਾਲ ਲੈਸ ਐਂਟੀ-ਡਰੋਨ ਗਨ-ਮਾਊਂਟਡ' ਵਿਧੀ ਦੇ ਸ਼ੁਰੂਆਤੀ ਨਤੀਜੇ ਬਹੁਤ ਵਧੀਆ ਰਹੇ ਹਨ। ਉਨ੍ਹਾਂ ਕਿਹਾ ਕਿ ਇਸ ਕਾਰਨ ਪੰਜਾਬ 'ਚ ਭਾਰਤ-ਪਾਕਿਸਤਾਨ ਸਰਹੱਦ 'ਤੇ ਡਰੋਨਾਂ ਨੂੰ ਖ਼ਤਮ ਕਰਨ ਅਤੇ ਪਤਾ ਲਗਾਉਣ ਦੇ ਮਾਮਲੇ 3 ਫ਼ੀਸਦੀ ਤੋਂ ਵਧ ਕੇ 55 ਫ਼ੀਸਦੀ ਹੋ ਗਏ ਹਨ। ਸ਼ਾਹ ਨੇ ਕਿਹਾ ਕਿ ਆਉਣ ਵਾਲੇ ਸਮੇਂ 'ਚ ਦੇਸ਼ ਲਈ ਇਕ ਵਿਆਪਕ ਐਂਟੀ ਡਰੋਨ ਯੂਨਿਟ ਬਣਾਈ ਜਾਵੇਗੀ। ਅਧਿਕਾਰਤ ਅੰਕੜਿਆਂ ਦੇ ਅਨੁਸਾਰ ਪਾਕਿਸਤਾਨ ਨਾਲ ਲੱਗਦੀ ਭਾਰਤ ਦੀ ਸਰਹੱਦ ਨੇੜੇ 2023 'ਚ ਲਗਭਗ 110 ਡਰੋਨ ਸੁੱਟੇ ਗਏ ਹਨ, ਜਦੋਂਕਿ ਇਸ ਸਾਲ 260 ਤੋਂ ਵੱਧ ਡਰੋਨ ਸੁੱਟੇ ਜਾਂ ਬਰਾਮਦ ਕੀਤੇ ਗਏ ਹਨ।


ਜੋਧਪੁਰ ਵਿਖੇ ਸੰਬੋਧਨ ਕਰਦੇ ਹੋਏ ਅਮਿਤ ਸ਼ਾਹ।

# ਐਂਬੂਲੈਂਸ ਲਈ ਕਿਰਾਇਆ ਨਾ ਹੋਣ ਕਾਰਨ ਔਰਤ ਨੂੰ ਭਰਾ ਦੀ ਲਾਸ਼ ਟੈਕਸੀ ਦੀ ਛੱਤ 'ਤੇ ਲਿਜਾਣੀ ਪਈ

ਹਲਦਵਾਨੀ (ਉੱਤਰਾਖੰਡ), 8 ਦਸੰਬਰ (ਪੀ.ਟੀ.ਆਈ.)-ਪ੍ਰਾਈਵੇਟ ਐਂਬੂਲੈਂਸ ਸੇਵਾ ਦਾ ਖਰਚਾ ਨਾ ਮਿਲਣ ਕਾਰਨ ਇਕ ਔਰਤ ਆਪਣੇ ਭਰਾ ਦੀ ਲਾਸ਼ ਨੂੰ ਟੈਕਸੀ ਦੀ ਛੱਤ ਨਾਲ ਬੰਨ੍ਹ ਕੇ 195 ਕਿੱਲੋਮੀਟਰ ਦੂਰ ਪਿਥੌਰਾਗੜ੍ਹ ਜ਼ਿਲ੍ਹੇ ਦੇ ਇਕ ਪਿੰਡ ਲੈ ਗਈ। ਇਸ ਘਟਨਾ ਦਾ ਨੋਟਿਸ ਲੈਂਦਿਆਂ ਉੱਤਰਾਖੰਡ ਦੇ ਮੁੱਖ ਮੰਤਰੀ ਪੁਸ਼ਕਰ ਸਿੰਘ ਧਾਮੀ ਨੇ ਮਾਮਲੇ ਦੀ ਜਾਂਚ ਦੇ ਹੁਕਮ ਦਿੱਤੇ ਹਨ ਤੇ ਅਧਿਕਾਰੀਆਂ ਨੂੰ ਦੋਸ਼ੀਆਂ ਖਿਲਾਫ ਸਖਤ ਕਾਰਵਾਈ ਕਰਨ ਦੇ ਨਿਰਦੇਸ਼ ਦਿੱਤੇ ਹਨ। ਪੁਲਿਸ ਮੁਤਾਬਕ ਬੇਰੀਨਾਗ ਦੇ ਇਕ ਪਿੰਡ ਦੀ ਰਹਿਣ ਵਾਲੀ ਸ਼ਿਵਾਨੀ (22) ਆਪਣੇ ਛੋਟੇ ਭਰਾ ਅਭਿਸ਼ੇਕ (20) ਨਾਲ ਰਹਿੰਦੀ ਸੀ। ਸ਼ੁੱਕਰਵਾਰ ਨੂੰ ਅਭਿਸ਼ੇਕ ਕੰਮ ਤੋਂ ਜਲਦੀ ਆਇਆ ਤੇ ਸਿਰ ਦਰਦ ਦੀ

**ਉੱਤਰਾਖੰਡ ਦੇ ਮੁੱਖ ਮੰਤਰੀ ਵਲੋਂ ਜਾਂਚ ਦੇ ਹੁਕਮ**

(ਬਾਕੀ ਸਫ਼ਾ 2 ਕਾਲਮ 2)

# ਗ੍ਰੇਟਰ ਨੋਇਡਾ ਜੇਲ੍ਹ 'ਚ ਬੰਦ 20 ਕਿਸਾਨਾਂ ਵਲੋਂ ਭੁੱਖ ਹੜਤਾਲ

ਨਵੀਂ ਦਿੱਲੀ, 8 ਦਸੰਬਰ (ਉਪਮਾ ਡਾਗਾ ਪਾਰਥ)-ਗ੍ਰੇਟਰ ਨੋਇਡਾ 'ਚ ਆਪਣੀਆਂ ਮੰਗਾਂ ਨੂੰ ਲੈ ਕੇ ਲੁਕਸਰ ਜੇਲ੍ਹ ਬੰਦ 20 ਕਿਸਾਨਾਂ ਨੇ ਭੁੱਖ ਹੜਤਾਲ ਸ਼ੁਰੂ ਕਰ ਦਿੱਤੀ ਹੈ। ਕਿਸਾਨਾਂ ਨੇ ਅਲਟੀਮੇਟਮ ਦਿੰਦਿਆਂ ਕਿਹਾ ਕਿ ਜਦੋਂ ਤੱਕ ਉਨ੍ਹਾਂ ਦੀਆਂ ਮੰਗਾਂ ਪੂਰੀਆਂ ਨਹੀਂ ਹੁੰਦੀਆਂ, ਤੱਦ ਤੱਕ ਭੁੱਖ ਹੜਤਾਲ ਜਾਰੀ ਰਹੇਗੀ। ਕਿਸਾਨਾਂ ਨੇ ਸਰਕਾਰ ਅਤੇ ਪ੍ਰਸ਼ਾਸਨ ਪ੍ਰਤੀ ਆਪਣੀ ਨਾਰਾਜ਼ਗੀ ਪ੍ਰਗਟਾਉਂਦਿਆਂ ਕਿਹਾ ਕਿ ਸਾਡੇ ਹੱਕ ਨੂੰ ਜ਼ਬਰਦਸਤੀ ਖੋਹਿਆ ਨਹੀਂ ਜਾ ਸਕਦਾ। ਜ਼ਿਕਰਯੋਗ ਹੈ ਕਿ ਕਿਸਾਨਾਂ ਦੀ ਗ੍ਰਿਫ਼ਤਾਰੀ ਨੂੰ ਲੈ ਕੇ ਰਾਸ਼ਟਰੀ ਲੋਕ ਦਲ ਦੇ ਇਕ ਵਫ਼ਦ ਨੇ ਪੁਲਿਸ ਕਮਿਸ਼ਨਰ ਲਕਸ਼ੀ ਸਿੰਘ ਨਾਲ ਮੁਲਾਕਾਤ ਕੀਤੀ। ਕਮਿਸ਼ਨਰ ਨੇ ਭਰੋਸਾ ਦਿਵਾਇਆ ਕਿ ਕਿਸਾਨਾਂ ਦੇ ਨਾਲ ਕਿਸੇ ਤਰ੍ਹਾਂ ਦੀ ਜ਼ਬਰਦਸਤੀ ਨਹੀਂ ਕੀਤੀ ਜਾਏਗੀ।

# ਹਰਿਆਣਾ 'ਚ ਪੁੱਤਰ ਵਲੋਂ ਮਾਤਾ-ਪਿਤਾ ਤੇ ਪਤਨੀ ਦੀ ਹੱਤਿਆ ਤੋਂ ਬਾਅਦ ਖ਼ੁਦਕੁਸ਼ੀ

ਸ਼ਾਹਬਾਦ ਮਾਰਕੰਡਾ, 8 ਦਸੰਬਰ (ਵਿਜੇ ਕੁਮਾਰ)-ਇਕ 40 ਸਾਲਾ ਵਿਅਕਤੀ ਨੇ ਆਪਣੀ ਪਤਨੀ ਤੇ ਮਾਤਾ-ਪਿਤਾ ਦਾ ਕਤਲ ਕਰਨ ਅਤੇ ਆਪਣੇ ਅੱਲ੍ਹੜ ਪੁੱਤਰ ਨੂੰ ਮਾਰਨ ਦੀ ਕੋਸ਼ਿਸ਼ ਕਰਨ ਤੋਂ ਬਾਅਦ ਖ਼ੁਦਕੁਸ਼ੀ ਕਰ ਲਈ। ਇਸ ਸੰਬੰਧੀ ਪੁਲਿਸ ਸੁਪਰਡੈਂਟ ਵਰੁਣ ਸਿੰਗਲਾ ਨੇ ਦੱਸਿਆ ਕਿ ਪੁਲਿਸ ਨੇ ਦੁਸ਼ਯੰਤ ਸਿੰਘ ਵਲੋਂ ਲਿਖਿਆ ਇਕ ਖ਼ੁਦਕੁਸ਼ੀ ਨੋਟ ਬਰਾਮਦ ਕੀਤਾ ਹੈ ਅਤੇ ਮੌਤ ਦੇ ਕਾਰਨਾਂ ਦਾ ਪਤਾ ਲਗਾਉਣ ਲਈ ਜਾਂਚ ਕੀਤੀ ਜਾ ਰਹੀ ਹੈ। ਅਧਿਕਾਰੀਆਂ ਨੇ ਦੱਸਿਆ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਦੁਸ਼ਯੰਤ ਸਿੰਘ ਕੁਝ ਵਿੱਤੀ ਵਿਵਾਦਾਂ ਨਾਲ ਜੂਝ ਰਿਹਾ ਸੀ। ਪੁਲਿਸ ਨੂੰ ਸ਼ੱਕ ਹੈ ਕਿ ਦੁਸ਼ਯੰਤ ਨੇ ਆਪਣੀ ਪਤਨੀ ਅਮਨਦੀਪ ਕੌਰ ਨੂੰ ਜ਼ਹਿਰ ਦੇ ਕੇ ਤੇ ਆਪਣੇ ਪਿਤਾ ਨਾਇਬ ਸਿੰਘ ਦਾ ਗਲਾ ਵੱਢ ਕੇ ਕਤਲ ਕਰ ਦਿੱਤਾ ਹੈ। ਉਸ ਨੇ


ਮ੍ਰਿਤਕ ਨਾਇਬ ਸਿੰਘ, ਅੰਮ੍ਰਿਤ ਕੌਰ, ਦੁਸ਼ਯੰਤ ਸਿੰਘ ਤੇ ਅਮਨਪ੍ਰੀਤ ਕੌਰ ਦੀਆਂ ਪੁਰਾਣੀਆਂ ਤਸਵੀਰਾਂ।

(ਬਾਕੀ ਸਫ਼ਾ 2 ਕਾਲਮ 3)

# ਹਿਰਾਸਤ 'ਚ ਤਸ਼ੱਦਦ ਮਾਮਲੇ 'ਚ ਸਾਬਕਾ ਆਈ.ਪੀ.ਐੱਸ. ਅਧਿਕਾਰੀ ਸੰਜੀਵ ਭੱਟ ਬਰੀ

ਪੋਰਬੰਦਰ, 8 ਦਸੰਬਰ (ਏਜੰਸੀ)-ਗੁਜਰਾਤ ਦੇ ਪੋਰਬੰਦਰ ਦੀ ਇਕ ਅਦਾਲਤ ਨੇ ਹਿਰਾਸਤ 'ਚ ਤਸ਼ੱਦਦ ਕਰਨ ਦੇ ਮਾਮਲੇ 'ਚ ਸਾਬਕਾ ਆਈ. ਪੀ. ਐਸ. ਅਧਿਕਾਰੀ ਸੰਜੀਵ ਭੱਟ ਨੂੰ ਬਰੀ ਕਰ ਦਿੱਤਾ ਤੇ ਕਿਹਾ ਕਿ ਸਰਕਾਰ ਧਿਰ ਦੋਸ਼ਾਂ ਨੂੰ ਸਾਬਿਤ ਨਹੀਂ ਕਰ ਸਕੀ। ਵਧੀਕ ਮੁੱਖ ਨਿਆਂਇਕ ਮੈਜਿਸਟਰੇਟ ਮੁਕੇਸ਼ ਪੰਡਿਆ ਨੇ ਸਨਿਚਰਵਾਰ ਨੂੰ ਪੋਰਬੰਦਰ ਦੇ ਤਤਕਾਲੀ ਐੱਸ.ਪੀ. ਸੰਜੀਵ ਭੱਟ ਨੂੰ ਉਸ ਖ਼ਿਲਾਫ਼ ਆਈ.ਪੀ.ਸੀ. ਦੀਆਂ ਧਾਰਾਵਾਂ ਤਹਿਤ ਦਰਜ ਕੇਸ 'ਚ ਸਬੂਤਾਂ ਦੀ ਘਾਟ ਕਾਰਨ ਬਰੀ ਕਰ ਦਿੱਤਾ। ਇਸ ਤੋਂ ਪਹਿਲਾਂ ਭੱਟ ਨੂੰ ਜਾਮਨਗਰ



(ਬਾਕੀ ਸਫ਼ਾ 2 ਕਾਲਮ 8)

# ਕਾਂਗਰਸ ਵਲੋਂ ਭਾਰਤ-ਚੀਨ ਸੰਬੰਧਾਂ ਦੇ ਸੰਪੂਰਨ ਹਾਲਾਤ ਬਾਰੇ ਸੰਸਦ 'ਚ ਚਰਚਾ ਦੀ ਮੰਗ

ਨਵੀਂ ਦਿੱਲੀ, 8 ਦਸੰਬਰ (ਏਜੰਸੀ)-ਕਾਂਗਰਸ ਨੇ ਭਾਰਤ-ਚੀਨ ਸੰਬੰਧਾਂ ਬਾਰੇ ਸੰਸਦ 'ਚ ਦਿੱਤੇ ਗਏ ਬਿਆਨ ਨੂੰ ਲੈ ਕੇ ਸਰਕਾਰ 'ਤੇ ਨਿਸ਼ਾਨਾ ਕੱਸਦਿਆਂ ਅੱਜ ਮੰਗ ਕੀਤੀ ਕਿ ਸੰਸਦ ਨੂੰ ਦੋਵੇਂ ਦੇਸ਼ਾਂ ਵਿਚਾਲੇ ਸੰਬੰਧਾਂ ਦੇ ਸੰਪੂਰਨ ਹਾਲਾਤ ਬਾਰੇ ਚਰਚਾ ਕਰਨ ਦਾ ਮੌਕਾ ਦਿੱਤਾ ਜਾਣਾ ਚਾਹੀਦਾ ਹੈ। ਇਸ ਦੇ ਨਾਲ ਹੀ ਕਾਂਗਰਸ ਨੇ ਸਵਾਲ ਕੀਤਾ ਕਿ ਕੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸਰਕਾਰ ਅਪ੍ਰੈਲ 2020 ਤੋਂ

(ਬਾਕੀ ਸਫ਼ਾ 2 ਕਾਲਮ 2)



ਹਰੀਕੇ ਪੱਤਣ ਝੀਲ ਵਿਚ ਕਲੋਲਾਂ ਕਰਦੇ ਮਹਿਮਾਨ ਪੰਛੀਆਂ ਦੇ ਮਨਮੋਹਕ ਦ੍ਰਿਸ਼। ਤਸਵੀਰਾਂ : ਕੁੰਦਰਾ

# ਮਹਿਮਾਨ ਪੰਛੀਆਂ ਦੀ ਆਮਦ ਨਾਲ ਹਰੀਕੇ ਝੀਲ ਦੀ ਖ਼ੂਬਸੂਰਤੀ ਨੂੰ ਲੱਗੇ ਚਾਰ ਚੰਨ

## ਰੰਗ-ਬਿਰੰਗੇ ਪੰਛੀਆਂ ਦੇ ਝੁੰਡ ਝੀਲ ਦੇ ਪਾਣੀ 'ਚ ਕਰ ਰਹੇ ਕਲੋਲਾਂ

**ਸੰਜੀਵ ਕੁੰਦਰਾ**

ਹਰੀਕੇ ਪੱਤਣ (ਤਰਨ ਤਾਰਨ), 8 ਦਸੰਬਰ-ਬਿਆਸ ਤੇ ਸਤਲੁਜ ਦਰਿਆਵਾਂ ਦਾ ਸੰਗਮ ਹਰੀਕੇ ਝੀਲ ਜਿਥੇ ਹਰ ਸਾਲ ਪ੍ਰਵਾਸੀ ਪੰਛੀ ਸਰਦ ਰੁੱਤ ਦੇ ਮਹਿਮਾਨ ਬਣ ਕੇ ਆਉਂਦੇ ਹਨ ਤੇ ਇਸ ਵਾਰ ਵੀ ਰੰਗ ਬਿਰੰਗੇ ਪੰਛੀਆਂ ਦੇ ਝੁੰਡ ਕਲੋਲਾਂ ਕਰਦੇ ਹੋਏ ਝੀਲ ਦੀ ਖ਼ੂਬਸੂਰਤੀ ਨੂੰ ਚਾਰ ਚੰਨ ਲਾ ਰਹੇ ਹਨ। ਇਸ ਵਾਰ ਠੰਢ ਨਾ ਪੈਣ ਕਾਰਨ ਹਰੀਕੇ ਝੀਲ 'ਤੇ


ਝੀਲ ਵਿਚ ਤੈਰਦੇ ਹੋਏ ਮਹਿਮਾਨ ਪੰਛੀ।

## ਸਰਦੀ ਨਾ ਪੈਣ ਕਾਰਨ ਲਗਭਗ 1 ਮਹੀਨਾ ਦੇਰੀ ਨਾਲ ਆਏ ਪ੍ਰਵਾਸੀ ਪੰਛੀ

ਮਹਿਮਾਨ ਪੰਛੀਆਂ ਦੀ ਆਮਦ ਲਗਪਗ ਇਕ ਮਹੀਨਾ ਦੇਰ ਨਾਲ ਹੋਈ ਹੈ। ਝੀਲ ਦੇ ਪ੍ਰਮੁੱਖ ਖੇਤਰ ਖੇਤਾਨ ਅਤੇ ਰਿਆਸਤ ਵਿਚ ਰੰਗ ਬਿਰੰਗੇ ਪੰਛੀ ਲੋਕਾਂ ਦੀ ਖਿੱਚ ਦਾ ਕੇਂਦਰ ਬਣ ਰਹੇ ਹਨ। ਜਾਣਕਾਰੀ ਅਨੁਸਾਰ ਹਰੀਕੇ ਝੀਲ ਵਿਚ ਹਰ ਸਾਲ ਲਗਪਗ 100 ਦੇ ਕਰੀਬ ਕਿਸਮਾਂ ਦੇ ਪੰਛੀ ਹਜ਼ਾਰਾਂ ਦੀ ਗਿਣਤੀ ਵਿਚ ਪਹੁੰਚਦੇ ਹਨ। ਜ਼ਿਕਰਯੋਗ ਹੈ ਕਿ ਯੂਰਪ ਦੇਸ਼ਾਂ ਤੋਂ ਪ੍ਰਵਾਸ ਕਰਕੇ ਹਜ਼ਾਰਾਂ ਕਿਲੋਮੀਟਰ

(ਬਾਕੀ ਸਫ਼ਾ 2 ਕਾਲਮ 3)

# ਰਾਜੌਰੀ 'ਚ ਜ਼ਹਿਰਬਾਦ ਕਾਰਨ ਇਕੋ ਪਰਿਵਾਰ ਦੇ ਚਾਰ ਜੀਆਂ ਦੀ ਮੌਤ

ਰਾਜੌਰੀ/ਜੰਮੂ, 8 ਦਸੰਬਰ (ਏਜੰਸੀ)-ਜੰਮੂ-ਕਸ਼ਮੀਰ ਦੇ ਰਾਜੌਰੀ ਜ਼ਿਲ੍ਹੇ ਦੇ ਇਕ ਪਿੰਡ 'ਚ ਜ਼ਹਿਰਬਾਦ ਕਾਰਨ 40 ਸਾਲਾ ਵਿਅਕਤੀ ਤੇ ਉਸ ਦੇ ਤਿੰਨ ਬੱਚਿਆਂ ਦੀ ਮੌਤ ਹੋ ਗਈ ਜਦਕਿ ਉਸ ਦੀ ਪਤਨੀ ਅਤੇ ਇਕ ਧੀ ਹਸਪਤਾਲ 'ਚ ਦਾਖ਼ਲ ਹੈ। ਅਧਿਕਾਰੀਆਂ ਨੇ ਦੱਸਿਆ ਕਿ ਗੋਰਲਾ ਪਿੰਡ ਦੇ ਰਹਿਣ ਵਾਲੇ ਫ਼ਜ਼ਲ ਹੁਸੈਨ, ਉਸ ਦੀ ਪਤਨੀ ਸ਼ਮੀਮ ਅਖ਼ਤਰ (38) ਤੇ ਉਸ ਦੇ ਚਾਰ ਬੱਚਿਆਂ ਨੂੰ ਸਨਿਚਰਵਾਰ ਦੇਰ ਰਾਤ ਗੰਭੀਰ ਬਦਹਜ਼ਮੀ ਹੋਣ ਕਾਰਨ ਰਾਜੌਰੀ ਸਰਕਾਰੀ ਮੈਡੀਕਲ ਕਾਲਜ ਤੇ ਹਸਪਤਾਲ 'ਚ ਦਾਖ਼ਲ ਕਰਵਾਇਆ ਗਿਆ। ਉਨ੍ਹਾਂ ਦੱਸਿਆ ਕਿ ਹੁਸੈਨ ਦੀ ਅੱਜ ਤੜਕੇ ਇਲਾਜ ਦੌਰਾਨ ਮੌਤ ਹੋ ਗਈ ਜਦਕਿ

(ਬਾਕੀ ਸਫ਼ਾ 2 ਕਾਲਮ 5)

# ਊਧਮਪੁਰ 'ਚ ਖ਼ੁਦਕੁਸ਼ੀ ਤੋਂ ਪਹਿਲਾਂ ਪੁਲਿਸ ਮੁਲਾਜ਼ਮ ਵਲੋਂ ਸਾਥੀ ਦੀ ਗੋਲੀ ਮਾਰ ਕੇ ਹੱਤਿਆ

ਜੰਮੂ, 8 ਦਸੰਬਰ (ਪੀ. ਟੀ. ਆਈ.)-ਜੰਮੂ ਤੇ ਕਸ਼ਮੀਰ ਦੇ ਜ਼ਿਲ੍ਹਾ ਊਧਮਪੁਰ 'ਚ ਐਤਵਾਰ ਤੜਕੇ ਇਕ ਪੁਲਿਸ ਮੁਲਾਜ਼ਮ ਨੇ ਖ਼ੁਦਕੁਸ਼ੀ ਤੋਂ ਪਹਿਲਾਂ ਆਪਣੇ ਸਾਥੀ ਜਵਾਨ ਦੀ ਏ.ਕੇ.-47 ਅਸਾਲਟ ਰਾਈਫ਼ਲ ਨਾਲ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ। ਇਹ ਘਟਨਾ ਉਸ ਵੇਲੇ ਵਾਪਰੀ, ਜਦੋਂ ਦੋਵੇਂ ਪੁਲਿਸ ਮੁਲਾਜ਼ਮ ਇਕ ਹੋਰ ਸਾਥੀ ਨਾਲ ਉੱਤਰੀ ਕਸ਼ਮੀਰ ਦੇ ਸੋਪੋਰ ਤੋਂ ਜੰਮੂ ਖੇਤਰ ਦੇ ਰਿਆਸੀ ਜ਼ਿਲ੍ਹੇ 'ਚ ਸਬਸਿਡਰੀ ਟਰੇਨਿੰਗ ਸੈਂਟਰ (ਐਸ.ਟੀ.ਸੀ.) ਤਲਵਾੜਾ ਜਾ ਰਹੇ ਸਨ। ਸਵੇਰੇ 6.30 ਵਜੇ ਦੇ ਕਰੀਬ ਊਧਮਪੁਰ ਦੇ ਰੇਹਮਬਲ ਇਲਾਕੇ 'ਚ ਕਾਲੀ

(ਬਾਕੀ ਸਫ਼ਾ 2 ਕਾਲਮ 8)

ਆਪਣੇ ਸ਼ਹਿਰ ਵਿੱਚ
ਬਚਪਨ ਦਾ ਪਲੇ ਸਕੂਲ
ਸ਼ੁਰੂ ਕਰੋ



BACHPAN
www.bachpanglobal.com
1200+ Schools | 2 Lakh Students | 400+ Cities | 25 States
• ਨਿਵੇਸ਼ 12+15 ਲੱਖ ਅਤੇ 200 ਵਰਗ ਮੀਟਰ ਸਪੇਸ • ਪਾਠਕਮ ਅਤੇ ਸੰਚਾਲਨ ਸਹਾਇਤਾ
• ਪ੍ਰਾਇਮਰੀ / 10+2 ਸਕੂਲ ਅੱਪਗਰੇਡ ਸੰਭਵ ਹੈ • ਰਾਇਲਟੀ ਫ੍ਰੀ ਮਾਡਲ
ਪੰਜਾਬ ਅਤੇ ਆਸ-ਪਾਸ ਦੇ ਸਾਰੇ ਖੇਤਰਾਂ ਤੋਂ ਫਰੈਂਚਾਈਜ਼ੀਆਂ ਨੂੰ ਸੱਦਾ ਦਿੱਤਾ ਗਿਆ ਹੈ
AMRITSAR + CHANDIGARH Aanchal 8527800779
LUDHIANA + JALANDHAR Prerna 8527936111
BHATINDA Pooja 9717878282
OTHER CITIES Amit Kumar 9811437000
Registered Office: S.K. Tower, 9988/B-1, Sarai Rohilla, New Rohtak Road, New Delhi-110005
Ph: 011-35106666 • Mail: franchise@bachpanglobal.com • CIN: U74899DL1999PTC10125